# ਕਾਮਰੇਡ ਚੇਮਕੁਰੀ ਰਾਜਕੁਮਾਰ ਅਜ਼ਾਦ

ਜੁਲਾਈ  ਦੇ ਪਹਿਲੇ ਹਫਤੇ ਵਿਚ ਆਂਧਰਾ ਪ੍ਰਦੇਸ਼ ਪੁਲਿਸ ਦੇ ਇਕ ਖ਼ੁਫ਼ੀਆ ਦਸਤੇ ਨੇ ਕਾਮਰੇਡ ਆਜ਼ਾਦ ਨੂੰ ਫੜ ਕੇ ਇਕ ਫਰਜ਼ੀ ਮੁਕਾਬਲੇ ਵਿਚ ਕਤਲ ਕਰ ਦਿਤਾ। ਕਾਮਰੇਡ ਆਜ਼ਾਦ ਸੀ.ਪੀ.ਆਈ. (ਮਾਓਵਾਦੀ) ਦੇ ਬੁਲਾਰੇ ਸਨ ਤੇ ਪਾਰਟੀ ਦੇ ਮੁੱਖ ਲੀਡਰਾਂ ਵਿਚੋਂ ਇਕ ਸਨ। ਉਨ੍ਹਾਂ ਦੇ ਕਤਲ ਨਾਲ ਆਜ਼ਾਦੀ ਅਤੇ ਹੱਕਾਂ ਲਈ ਲੜ ਰਹੇ ਲੋਕਾਂ ਨੂੰ ਇਕ ਵੱਡਾ ਸਦਮਾ ਤੇ ਧੱਕਾ ਜ਼ਰੂਰ ਲੱਗਾ ਹੈ ਪਰ ਇਸ ਸਦਮੇ ਨੂੰ ਸਹਾਰਦੇ ਹੋਏ ਉਹ ਆਪਣੇ ਘੋਲ ਨੂੰ ਤੇਜ਼ ਕਰਨ ਲਈ ਹੋਰ ਵੀ ਦ੍ਰਿੜ ਹੋ ਰਹੇ ਹਨ।

ਕਾਮਰੇਡ ਆਜ਼ਾਦ ਇਕ ਹੋਣਹਾਰ ਵਿਦਿਆਰਥੀ ਸਨ ਤੇ ਛੋਟੀ ਉਮਰ ਵਿਚ ਹੀ ਲੋਕਾਂ ਦੇ ਹੱਕਾਂ ਦੇ ਘੋਲ ਵਿਚ ਕੁੱਦ ਪਏ। ਇੰਜੀਨੀਅਰਿੰਗ ਦੀ ਪੜ੍ਹਾਈ ਦੇ ਦੌਰਾਨ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਹੱਕਾਂ ਦੇ ਘੋਲ ਲਈ ਹੱਲਾਸ਼ੇਰੀ ਦਿੱਤੀ ਅਤੇ ਉਨ੍ਹਾਂ ਦੇ ਆਗੂ ਬਣ ਗਏ। ਇਨਕਲਾਬੀ ਜਥੇਬੰਦੀਆਂ ਦੀ ਏਕਤਾ ਅਤੇ ਇਕੱਠ ਲਈ ਉਨ੍ਹਾਂ ਜੀਅ ਤੋੜ ਮਿਹਨਤ ਕੀਤੀ। ਉਨ੍ਹਾਂ ਨੇ ਸਮੇਂ ਸਮੇਂ ਤੇ ਆਪਣੇ ਲੇਖਾਂ ਰਾਹੀਂ ਲੋਕਾਂ ਦੇ ਘੋਲਾਂ ਬਾਰੇ, ਉਨ੍ਹਾਂ ਦੀਆਂ ਮੰਗਾਂ, ਜਿੱਤਾਂ ਅਤੇ ਘਾਟਾਂ ਬਾਰੇ ਦੱਸਿਆ। ਇਨ੍ਹਾਂ ਲਿਖਤਾਂ ਰਾਹੀ ਉਨ੍ਹਾਂ ਨੇ ਮਾਓਵਾਦੀ ਪਾਰਟੀ ਦੇ ਟੀਚੇ ਅਤੇ ਦਾਅ ਪੇਚ ਬਾਰੇ ਵੀ ਦੁਨੀਆ ਦੇ ਲੋਕਾਂ ਨੂੰ ਜਾਣੂ  ਕਰਾਇਆ। ਉਨ੍ਹਾਂ ਦੀਆਂ ਲਿਖਤਾਂ ਵਿਚ ਇਕ ਸੁਲਝੇ ਹੋਏ ਅਤੇ ਜੁਝਾਰੂ ਦੇ ਨੁਕਤਾ ਨਜ਼ਰ ਦੀ ਝਲਕ ਮਿਲਦੀ ਸੀ। ਇਨ੍ਹਾਂ ਲਿਖਤਾਂ ਰਾਹੀਂ ਉਨ੍ਹਾਂ ਨੇ ਖ਼ਾਸ ਤੌਰ ਤੇ ਮੱਧ ਸ਼ਰੇਣੀ ਦੇ ਪੜ੍ਹੇ ਲਿਖੇ ਅਤੇ ਸੂਝਵਾਨ ਤਬਕੇ ਨੂੰ ਲੋਕਾਂ ਦੇ ਘੋਲਾਂ ਬਾਰੇ ਚਾਨਣਾ ਪਾਇਆ ਅਤੇ ਉਨ੍ਹਾਂ ਨੂੰ ਇਨ੍ਹਾਂ ਘੋਲਾਂ ਦੀ ਰਾਖੀ ਲਈ ਅੱਗੇ ਆਉਣ ਲਈ ਵੰਗਾਰਿਆ ।ਪਿਛਲੇ ਅਰਸੇ ਵਿਚ ਉਨ੍ਹਾਂ ਦੇ ਕੁਝ ਲੇਖ ਵੀ ਕਈ ਵੱਡੇ ਅਖ਼ਬਾਰਾਂ ਵਿਚ ਛਪੇ ਤੇ ਮਕਬੂਲ ਹੋਏ। ਉਨ੍ਹਾਂ ਨੇ ਕਈ ਪੱਤਰਕਾਰਾਂ ਅਤੇ ਲੇਖਕਾਂ ਨਾਲ ਵੀ ਆਪਣੇ ਖ਼ਿਆਲ ਸਾਂਝੇ ਕੀਤੇ ਸੀ।

ਹਾਲ ਵਿਚ ਉਹ ਕੇਂਦਰੀ ਸਰਕਾਰ ਵਲੋਂ ਮਾਓਵਾਦੀ ਪਾਰਟੀ ਨਾਲ ਅਮਨ ਦੀ ਗੱਲਬਾਤ ਬਾਰੇ ਕੀਤੀ ਗਈ ਪੇਸ਼ਕਸ਼ ਬਾਰੇ ਸਰਗਰਮ ਸੀ ਅਤੇ ਸਰਕਾਰ ਦੇ ਰਵੱਈਏ ਅਤੇ ਪੇਸ਼ਕਸ਼ ਬਾਰੇ ਪਾਰਟੀ ਦੀਆਂ ਵੱਖ ਵੱਖ ਜਥੇਬੰਦੀਆਂ ਨਾਲ ਵਿਚਾਰ ਵਟਾਂਦਰਾ ਕਰਨ ਲਈ ਕਈ ਇਲਾਕਿਆਂ ਦਾ ਦੌਰਾ ਕਰ ਰਹੇ ਸੀ। ਇਸ ਦੌਰੇ ਦੌਰਾਨ ਹੀ ਜਦੋਂ ਉਹ ਨਾਗਪੁਰ ਦੇ ਰੇਲਵੇ ਸਟੇਸ਼ਨ ਤੇ ਉਤਰੇ ਤਾਂ ਉਨ੍ਹਾਂ ਨੂੰ ਪੁਲੀਸ ਨੇ ਫੜ ਲਿਆ ਤੇ ਆਂਧਰਾ ਪ੍ਰਦੇਸ਼ ਵਿਚ ਲਿਜਾ ਕੇ ਇਕ ਝੂਠੇ ਪੁਲਿਸ ਮੁਕਾਬਲੇ ਵਿਚ ਕਤਲ ਕਰ ਦਿੱਤਾ। ਕਾਮਰੇਡ ਆਜ਼ਾਦ ਦੇ ਕਤਲ ਦੀ ਆਮ ਲੋਕਾਂ, ਸੂਝਵਾਨਾਂ, ਲੇਖਕਾਂ ਅਤੇ ਮਨੁੱਖੀ ਹੱਕਾਂ ਦੀ ਜਥੇਬੰਦੀਆਂ ਨੇ ਭਰਪੂਰ ਨਿਖੇਧੀ ਕੀਤੀ ਹੈ। ਉਨ੍ਹਾਂ ਨੇ ਸੁਪ੍ਰੀਮ ਕੋਰਟ ਵਿਚ ਇਸ ਕਤਲ ਦੀ ਤਫ਼ਤੀਸ਼ ਲਈ ਅਪੀਲ ਵੀ ਕੀਤੀ ਹੈ।

ਉਨ੍ਹਾਂ ਦੀ ਪਾਰਟੀ ਨਾਲ ਜਾਂ ਉਨ੍ਹਾਂ ਦੇ ਨੁਕਤਾ ਨਜ਼ਰ ਨਾਲ ਭਾਵੇਂ ਕੋਈ ਸਹਿਮਤ ਹੋਵੇ ਜਾਂ ਨਾ ਪਰ ਹੱਕਾਂ ਦੇ ਘੋਲ ਵਿਚ ਸ਼ਾਮਲ ਲੋਕ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਨਗੇ ਕਿਉਂਕਿ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਉਨ੍ਹਾਂ ਨੇ ਸਾਰੀ ਉਮਰ ਅਣਥੱਕ ਯਤਨ ਤੇ ਸੰਘਰਸ਼ ਕੀਤਾ। ਕਹਿੰਦੇ ਹਨ ਕਿ ਉਨ੍ਹਾਂ ਨੂੰ ਭਗਤ ਸਿੰਘ ਦਾ ਇਹ ਸ਼ਿਅਰ ਬਹੁਤ ਪਸੰਦ ਸੀਃ

ਉਸੇ ਹੈ ਫਿਕਰ ਹਰਦਮ ਨਯਾ ਤਰਜ਼ੇ ਜਫ਼ਾ ਕਿਆ ਹੈ
ਹਮੇਂ ਯੇਹ ਸ਼ੌਕ ਦੇਖੇਂ ਸਿਤਮ ਕੀ ਇੰਤਹਾ ਕਿਆ ਹੈ।